# ਪੰਜਾਬ ਭੌਂ ਮਾਲੀਆ (ਸੋਧ) ਐਕਟ, 2025

(2026 ਦਾ ਪੰਜਾਬ ਐਕਟ ਨੰ: 2)

ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ ਹੋਰ ਸੋਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਭੌਂ ਮਾਲੀਆ (ਸੋਧ) ਐਕਟ, 2025 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

1887 ਦੇ ਪੰਜਾਬ ਐਕਟ XVII ਦੀ ਧਾਰਾ 13 ਵਿੱਚ ਸੋਧ।

2. ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ (ਇਸ ਵਿੱਚ ਇਸ ਤੋਂ ਪਿੱਛੋਂ ਮੁੱਖ ਐਕਟ ਵਜੋਂ ਹਵਾਲਾ ਕੀਤਾ ਜਾਵੇਗਾ), ਧਾਰਾ 13 ਵਿੱਚ, ਉਪ-ਧਾਰਾ (1) ਵਿੱਚ, ਪਰੰਤੁਕ ਵਿੱਚ,-

(ੳ) ਖੰਡ (iii) ਦੀ ਥਾਵੇਂ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

(iii) ਅਪੀਲੀ ਅਥਾਰਟੀ ਦੁਆਰਾ ਰੀਮਾਂਡ ਦਾ ਕੋਈ ਹੁਕਮ ਪਾਸ ਨਹੀਂ ਕੀਤਾ ਜਾਵੇਗਾ;"; ਅਤੇ

(ਅ) ਖੰਡ (iv) ਅਧੀਨ ਵਿਆਖਿਆ ਲੋਪ ਕੀਤੀ ਜਾਵੇਗੀ।

1887 ਦੇ ਪੰਜਾਬ ਐਕਟ XVII ਦੀ ਧਾਰਾ 15 ਵਿੱਚ ਸੋਧ।

3. ਮੁੱਖ ਐਕਟ ਵਿੱਚ, ਧਾਰਾ 15 ਵਿੱਚ, ਉਪ-ਧਾਰਾ (1) ਵਿੱਚ, ਪਰੰਤੁਕ ਵਿੱਚ,-

(i) ਖੰਡ (ੲ) ਵਿੱਚ, ਅੰਤ ਤੇ, ਸ਼ਬਦ "ਅਤੇ" ਲੋਪ ਕੀਤਾ ਜਾਵੇਗਾ; ਅਤੇ

(ii) ਖੰਡ (ਸ) ਵਿੱਚ, ਅੰਤ ਤੇ, ਚਿੰਨ "." ਦੀ ਥਾਵੇਂ, ਚਿੰਨ੍ਹ ਅਤੇ !ਸ਼ਬਦ ";ਅਤੇ" ਰੱਖਿਆ ਜਾਵੇਗਾ ਅਤੇ ਉਸ ਪਿੱਛੋਂ, ਹੇਠ-ਲਿਖਿਆ ਖੰਡ ਜੋੜਿਆ ਜਾਵੇਗਾ, ਅਰਥਾਤ:-

"(ਹ) ਕਿਸੇ ਅੰਤਰਮ ਹੁਕਮ ਦੇ ਵਿਰੁੱਧ ਕੋਈ ਨਜ਼ਰਸਾਨੀ ਨਹੀਂ ਹੋ ਸਕੇਗੀ।"

1887 ਦੇ ਪੰਜਾਬ ਐਕਟ XVII ਦੀ ਧਾਰਾ 18 ਵਿੱਚ ਸੋਧ।

4. ਮੁੱਖ ਐਕਟ ਵਿੱਚ, ਧਾਰਾ 18 ਵਿੱਚ, ਉਪ-ਧਾਰਾ (1) ਵਿੱਚ,-

(i) ਖੰਡ (ਅ) ਵਿੱਚ, ਅੰਤ ਤੇ, ਚਿੰਨ੍ਹ ":" ਦੀ ਥਾਵੇਂ ਚਿੰਨ੍ਹ "." ਰੱਖਿਆ ਜਾਵੇਗਾ; ਅਤੇ

(ii) ਮੌਜੂਦਾ ਪਰੰਤੁਕ ਲੋਪ ਕੀਤੀ ਜਾਵੇਗੀ।

1887 ਦੇ ਪੰਜਾਬ ਐਕਟ XVII ਦੀ ਧਾਰਾ 19 ਵਿੱਚ ਸੋਧ।

5. ਮੁੱਖ ਐਕਟ ਵਿੱਚ, ਧਾਰਾ 19 ਵਿੱਚ, ਉਪ-ਧਾਰਾ (1) ਦੀ ਥਾਵੇਂ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(1) ਗੈਰ-ਵਿਵਾਦਤ ਇੰਤਕਾਲਾਂ ਦੇ ਮਾਮਲਿਆਂ ਨੂੰ ਛੱਡ ਕੇ, ਇੱਕ ਮਾਲ ਅਧਿਕਾਰੀ ਕਿਸੇ ਵੀ ਵਿਅਕਤੀ ਨੂੰ ਤਲਬ ਕਰ ਸਕਦਾ ਹੈ ਜਿਸ ਦੀ ਹਾਜ਼ਰੀ ਉਹ ਕਿਸੇ ਵੀ ਕੰਮਕਾਰ ਦੇ ਪ੍ਰਯੋਜਨ ਲਈ ਆਪਣੇ ਸਾਹਮਣੇ ਇੱਕ ਮਾਲ ਅਧਿਕਾਰੀ ਵਜੋਂ ਜ਼ਰੂਰੀ ਸਮਝਦਾ ਹੈ।"

1887 ਦੇ ਪੰਜਾਬ ਐਕਟ XVII ਦੀ ਧਾਰਾ 31 ਵਿੱਚ ਸੋਧ।

6. ਮੁੱਖ ਐਕਟ ਵਿੱਚ, ਧਾਰਾ 31 ਵਿੱਚ, ਉਪ-ਧਾਰਾ (2) ਤੋਂ ਪਿੱਛੋਂ, ਹੇਠ-ਲਿਖੀ ਉਪ-ਧਾਰਾ ਜੋੜੀ ਜਾਵੇਗੀ, ਅਰਥਾਤ:-

"(3) ਡਿਜੀਟਲ ਤੌਰ ਤੇ ਦਸਖ਼ਤ ਕੀਤੇ ਭੌਂ ਰਿਕਾਰਡ ਅਤੇ ਮਾਲ ਅਦਾਲਤ ਦੇ ਹੁਕਮ ਸਾਰੇ ਉਦੇਸ਼ਾਂ ਅਤੇ ਮੰਤਵ ਲਈ ਕਾਨੂੰਨੀ ਤੌਰ ਤੇ ਵੈਧ ਹੋਣਗੇ।"

1887 ਦੇ ਪੰਜਾਬ ਐਕਟ XVII ਦੀ ਧਾਰਾ 46 ਵਿੱਚ ਸੋਧ।

7. ਮੁੱਖ ਐਕਟ ਵਿੱਚ, ਧਾਰਾ 46 ਵਿੱਚ,-

(i) ਖੰਡ (ਸ) ਵਿੱਚ, ਅੰਤ ਤੇ, ਸ਼ਬਦ "ਅਤੇ" ਲੋਪ ਕੀਤਾ ਜਾਵੇਗਾ; ਅਤੇ

(ii) ਖੰਡ (ਹ), ਅੰਤ ਤੇ, ਚਿੰਨ੍ਹ, "." ਦੀ ਥਾਵੇਂ, ਚਿੰਨ੍ਹ ਅਤੇ ਸ਼ਬਦ ";ਅਤੇ" ਰੱਖਿਆ ਜਾਵੇਗਾ, ਅਤੇ ਉਸ ਪਿੱਛੋਂ, ਹੇਠ-ਲਿਖਿਆ ਖੰਡ ਜੋੜਿਆ ਜਾਵੇਗਾ, ਅਰਥਾਤ:-

"(ਕ) ਧਿਰਾਂ ਦੀ ਪਛਾਣ ਦੀ ਪ੍ਰਮਾਣਿਕਤਾ ਲਈ, ਡੇਟਾਬੇਸ ਵਿੱਚ ਹਿੱਤ-ਬੱਧ ਧਿਰਾਂ ਦੀ ਪਛਾਣ ਦੀ ਪ੍ਰਮਾਣਿਕਤਾ ਦੇ ਪ੍ਰਯੋਜਨ ਲਈ, ਧਿਰਾਂ ਦੀ ਜਾਣਕਾਰੀ, ਜਿਵੇਂ ਕਿ ਨਾਂ, ਮੋਬਾਈਲ ਨੰਬਰ, ਆਧਾਰ ਨੰਬਰ, ਅਤੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਦਾ ਨਾਂ ਜਿਨ੍ਹਾਂ ਦੇ ਨਾਂ ਤੇ ਭੌਂ ਮੌਜੂਦ ਹੈ ਜਾਂ ਮੌਜੂਦ ਹੋ ਸਕਦੀ ਹੈ, ਡਿਜੀਟਲ ਰੂਪ ਵਿੱਚ ਇਕੱਠੀ ਅਤੇ ਸਟੋਰ-ਕਰਨ ਲਈ, ਆਧਾਰ, ਸਥਾਈ ਖਾਤਾ ਨੰਬਰ ਜਾਂ ਇਸੇ ਤਰ੍ਹਾਂ ਦੇ ਦਸਤਾਵੇਜ਼ਾਂ ਦੀ ਵਰਤੋਂ ਨੂੰ ਸਮਰੱਥ ਬਣਾਉਣ ਵਾਲੇ ਰੂਪ ਅਤੇ ਢੰਗ ਨੂੰ ਮੁਕੱਰਰ ਕਰਨਾ।"

1887 ਦੇ ਪੰਜਾਬ ਐਕਟ XVII ਦੀ ਧਾਰਾ 117 ਵਿੱਚ ਸੋਧ।

8. ਮੁੱਖ ਐਕਟ ਵਿੱਚ, ਧਾਰਾ 117 ਵਿੱਚ, ਅੰਤ ਤੇ, ਚਿੰਨ੍ਹ "." ਦੀ ਥਾਵੇਂ, ਚਿੰਨ੍ਹ ":" ਰੱਖਿਆ ਜਾਵੇਗਾ ਅਤੇ ਉਸ ਪਿੱਛੋਂ, ਹੇਠ-ਲਿਖੀ ਪਰੰਤੁਕ ਜੋੜੀ ਜਾਵੇਗੀ, ਅਰਥਾਤ:-

"ਪਰੰਤੂ ਵੰਡ ਦੀ ਵਿਧੀ ਵਿੱਤੀ ਕਮਿਸ਼ਨਰ ਦੁਆਰਾ ਅਧਿਸੂਚਿਤ ਕੀਤੇ ਮਿਆਰੀ ਫਾਰਮੇਟ ਅਤੇ ਸਿਧਾਂਤਾਂ ਦੇ ਅਨੁਰੂਪ ਹੋਵੇਗੀ। ਕਿਸੇ ਭਟਕਣ ਦੀ ਇਜਾਜ਼ਤ ਕੇਵਲ ਅਜਿਹੇ ਫਰਕ ਦੇ ਕਾਰਨਾਂ ਨੂੰ ਦਰਜ ਕਰਨ ਵਾਲੇ ਮੂੰਹ ਬੋਲਦੇ ਹੁਕਮ ਰਾਹੀਂ ਹੀ ਦਿੱਤੀ ਜਾਵੇਗੀ।"

1887 ਦੇ ਪੰਜਾਬ ਐਕਟ XVII ਦੀ ਧਾਰਾ 121 ਵਿੱਚ ਸੋਧ।

9. ਮੁੱਖ ਐਕਟ ਵਿੱਚ, ਧਾਰਾ 121 ਵਿੱਚ, ਉਪ-ਧਾਰਾ (1) ਵਿੱਚ, ਵਿਆਖਿਆ ਦੀ ਥਾਵੇਂ, ਹੇਠ-ਲਿਖੀ ਰੱਖੀ ਜਾਵੇਗੀ, ਅਰਥਾਤ:-

"ਵਿਆਖਿਆ- (1) ਵੰਡ ਧਾਰਾ 118 ਅਧੀਨ ਪਾਸ ਕੀਤੇ ਹੁਕਮਾਂ ਤੇ ਮੁਕੰਮਲ ਹੋਈ ਮੰਨੀ ਜਾਵੇਗੀ।

(2) ਧਾਰਾ 118 ਦੇ ਅਧੀਨ ਪਾਸ ਕੀਤੇ ਗਏ ਹੁਕਮ ਦੀ ਤਰੀਕ ਤੋਂ ਸੱਠ ਦਿਨਾਂ ਦੀ ਸੀਮਾ ਉਸ ਤਰੀਕ ਤੋਂ ਸ਼ੁਰੂ ਹੋਵੇਗੀ ਜਦੋਂ ਉਕਤ ਹੁਕਮ ਦੀ ਨਕਲ ਆਨਲਾਈਨ ਪਲੇਟਫਾਰਮ ਤੇ ਅੱਪਲੋਡ ਕੀਤੀ ਜਾਂਦੀ ਹੈ ਜਿਵੇਂ ਵਿੱਤੀ ਕਮਿਸ਼ਨਰ ਦੁਆਰਾ ਅਧਿਸੂਚਿਤ ਕੀਤੀ ਜਾਵੇ।"

ਸਹੀ/-
ਬੀ.ਬੀ.ਐਸ. ਤੇਜੀ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

## ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

ਵੱਖ-ਵੱਖ ਮਾਲ ਅਥਾਰਟੀਆਂ ਕੋਲ ਲੰਬਿਤ ਪਏ ਅਦਾਲਤੀ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ, ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ ਮਹੱਤਵਪੂਰਨ ਸੋਧਾਂ ਪ੍ਰਸਤਾਵਿਤ ਹਨ।

ਇਹ ਸੋਧਾਂ ਮੁਕੱਦਮੇਬਾਜ਼ਾਂ ਦੇ ਸਮੇਂ ਦੀ ਬਚਤ ਕਰਨ ਵਿੱਚ ਸਹਾਈ ਹੋਣਗੀਆਂ। ਇਹਨਾਂ ਨਾਲ ਗੈਰ-ਮੁਕੱਦਮੇਬਾਜ਼ਾਂ ਨੂੰ ਸੰਮਨ ਭੇਜ ਕੇ ਕੀਤੀ ਜਾਂਦੀ ਬੇਲੋੜੀ ਖੱਜਲ-ਖੁਆਰੀ ਨੂੰ ਰੋਕਣ ਵਿੱਚ ਵੀ ਮਦਦ ਮਿਲੇਗੀ। ਇਸ ਤੋਂ ਇਲਾਵਾ, ਇਹ ਸੋਧਾਂ ਡਿਜੀਟਲ ਰਿਕਾਰਡ ਅਤੇ ਡਿਜੀਟਲ ਹਸਤਾਖਰਾਂ ਨੂੰ ਕਾਨੂੰਨੀ ਮਾਨਤਾ ਪ੍ਰਦਾਨ ਕਰਨਗੀਆਂ, ਜਿਸ ਦੇ ਨਤੀਜੇ ਵਜੋਂ ਨਾਗਰਿਕ ਪੱਖੀ ਡਿਜੀਟਾਈਜ਼ਡ ਰਿਕਾਰਡ ਪ੍ਰਣਾਲੀ ਹੋਂਦ ਵਿੱਚ ਆਵੇਗੀ।

ਉਪਰੋਕਤ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ, ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ ਸੋਧ ਕਰਨ ਦੀ ਤਜਵੀਜ਼ ਹੈ।

ਹਰਦੀਪ ਸਿੰਘ ਮੁੰਡੀਆਂ

ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਵਿਭਾਗ ਮੰਤਰੀ, ਪੰਜਾਬ

ਚੰਡੀਗੜ੍ਹ: ਆਰ.ਐਲ. ਖਟਾਣਾ,

29 ਦਸੰਬਰ, 2025 ਸਕੱਤਰ